# ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕਤਾ ਕੈਂਪ ਲਾਇਆ



ਟਰੱਕ ਯੂਨੀਅਨ ਨੰਗਲ 'ਚ ਆਵਾਜਾਈ ਦੇ ਨਿਯਮਾਂ ਬਾਰੇ ਦੱਸਦੇ ਟ੍ਰੈਫਿਕ ਅਧਿਕਾਰੀ।

ਨੰਗਲ, 28 ਅਪ੍ਰੈਲ (ਗੁਰਭਾਗ)-ਪੰਜਾਬ ਪੁਲਸ ਦੇ ਟ੍ਰੈਫਿਕ ਵਿੰਗ ਜ਼ਿਲਾ ਰੋਪੜ ਵੱਲੋਂ ਐੱਸ.ਐੱਸ.ਪੀ.ਰੂਪਨਗਰ ਸੰਦੀਪ ਗਰਗ ਦੀਆਂ ਹਦਾਇਤਾਂ 'ਤੇ ਪੰਜਾਬ ਦੀ ਸਭ ਤੋਂ ਵੱਡੀ ਟਰੱਕ ਯੂਨੀਅਨ ਨੰਗਲ ਵਿਖੇ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕਤਾ ਕੈਂਪ ਲਾਇਆ ਗਿਆ। ਕੈਂਪ 'ਚ ਇੰਸਪੈਕਟਰ ਓਮਵੀਰ ਜ਼ਿਲਾ ਇੰਚਾਰਜ ਟ੍ਰੈਫਿਕ ਵਿੰਗ, ਸੁਖਦੇਵ ਸਿੰਘ ਜ਼ਿਲਾ ਇੰਚਾਰਜ ਆਵਜਾਈ ਜਾਗਰੂਕਤਾ ਵਿੰਗ, ਏ.ਐੱਸ.ਆਈ.ਅਜੇ ਕੁਮਾਰ ਅਤੇ ਮਹਿੰਦਰ ਸਿੰਘ ਨੰਗਲ ਟ੍ਰੈਫਿਕ ਇੰਚਾਰਜ ਨੇ ਗੱਡੀਆਂ ਦੇ ਮਾਲਕਾਂ-ਚਾਲਕਾਂ ਨੂੰ ਆਵਾਜਾਈ ਦੇ ਨਿਯਮਾਂ ਪ੍ਰਤੀ ਜਾਗਰੂਕ ਕਰਦਿਆਂ ਕਿਹਾ ਕਿ ਕਦੇ ਵੀ ਓਵਰਸਪੀਡ ਗੱਡੀ ਨਾ ਚਲਾਓ, ਗੱਡੀ ਦੇ ਦਸਤਾਵੇਜ਼ ਪੂਰੇ ਰੱਖੋ, ਨਸ਼ਾ ਕਰਕੇ ਗੱਡੀ ਕਦੇ ਨਾ ਚਲਾਓ ਤੇ ਹਮੇਸ਼ਾ ਆਪਣੀ ਸਾਈਡ ਹੀ ਚੱਲੋ।

ਉਨ੍ਹਾਂ ਕਿਹਾ ਕਿ ਹਰ ਇਕ ਨਾਗਰਿਕ ਦਾ ਆਵਾਜਾਈ ਨਿਯਮਾਂ ਪ੍ਰਤੀ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਨਿਯਮਾਂ ਦੀ ਪਾਲਣਾ ਕਰਕੇ ਹੀ ਇਕ ਚਾਲਕ ਆਪਣੇ ਆਪ ਤੇ ਦੂਜੇ ਨੂੰ ਸੁਰੱਖਿਅਤ ਰੱਖ ਸਕਦਾ ਹੈ। ਛੋਟੀ ਉਮਰ ਦੇ ਬੱਚਿਆਂ ਦੁਆਰਾ ਵਾਹਨ ਚਲਾਉਣ ਦੇ ਮੁੱਦੇ 'ਤੇ ਅਧਿਕਾਰੀਆਂ ਨੇ ਕਿਹਾ ਕਿ ਮਾਪਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਨਾਬਾਲਿਗ ਬੱਚਿਆਂ ਨੂੰ ਵਾਹਨ ਨਾ ਚਲਾਉਣ ਦੇਣ। ਨਾਬਾਲਿਗ ਬੱਚਿਆਂ ਦੁਆਰਾ ਵਾਹਨ ਚਲਾਉਣ ਸਮੇਂ ਹੋਏ ਹਾਦਸੇ ਵਿਚ ਮਾਤਾ-ਪਿਤਾ ਨੂੰ ਵੀ ਸਜ਼ਾ ਦਾ ਹੱਕਦਾਰ ਮੰਨਿਆ ਗਿਆ ਹੈ। ਨੰਗਲ 'ਚ ਲੱਗਦੇ ਭਾਰੀ ਜਾਮ 'ਤੇ ਬੋਲਦਿਆਂ ਮਹਿੰਦਰ ਸਿੰਘ ਨੇ ਕਿਹਾ ਕਿ ਫਲਾਈਓਵਰ ਕੰਪਨੀ ਦੇ ਅਧਿਕਾਰੀਆਂ ਨਾਲ ਮੀਟਿੰਗ ਤੋਂ ਬਾਅਦ ਪਤਾ ਲੱਗਾ ਹੈ ਕਿ ਹਾਲੇ ਇਕ ਸਾਲ ਦਾ ਸਮਾਂ ਉਕਤ ਕਾਰਜ ਨੂੰ ਮੁਕੰਮਲ ਹੋਣ ਨੂੰ ਲੱਗਣਾ ਹੈ। ਉਨ੍ਹਾਂ ਗੱਡੀਆਂ ਦੇ ਚਾਲਕਾਂ ਨੂੰ ਅਪੀਲ ਹੈ ਕਿ ਨੰਗਲ ਸ਼ਹਿਰ ਦੇ ਡੈਮ ਤੋਂ ਸਿਰਫ ਛੋਟੀਆਂ ਗੱਡੀਆਂ ਲੰਘਣ ਦੀ ਹੀ ਵਿਵਸਥਾ ਹੈ। ਇਸ ਕਰਕੇ ਵੱਡੀਆਂ ਗੱਡੀਆਂ ਵਾਲੇ ਪ੍ਰਸ਼ਾਸਨ ਵੱਲੋਂ ਨਿਰਧਾਰਤ ਰੂਟ ਦੀ ਹੀ ਵਰਤੋਂ ਕਰਨ। ਇਸ ਮੌਕੇ ਏ.ਐੱਸ.ਆਈ.ਰਤਨ ਸਿੰਘ ਤੇ ਹੌਲਦਾਰ ਹਰਜਾਪ ਸਿੰਘ, ਹੌਲਦਾਰ ਉਮੇਸ਼ ਕੁਮਾਰ ਆਦਿ ਵੀ ਮੌਜੂਦ ਸਨ।

ਜਗ ਬਾਣੀ
ਈ-ਪੇਪਰ
Fri,29 April 2022
Edition: roopnagar bani, Page no. 2